# ਚੱਲ ਵੇਖਦੇ ਹਾਂ




ਵੀਰਪਾਲ ਸਿੱਧੂ ਮੌੜ

ਸੁਖਦੀਪ ਸਿੰਘ ਰਾਏਪੁਰ

# ਕਵਿਤਾਵਾਂ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

## ਚੱਲ ਵੇਖਦੇ ਹਾਂ

# ਸਮਰਪਿਤ

**ਭਟਕਦੀ ਹੋਈ ਨਿਗਾਹਾਂ ਦੇ ਅਰਥ ਲੱਭਣ ਨੂੰ**

**Editor**

PDF WORK

TYPING & EDITING { COVER } BY

**SUKHDEEP SINGH { RAIPUR }**

Raipur,Mansa,Punjab

**© Sukhdeep Singh Raipur**

**2021**

CONTACT

Whatsapp -8699633924

**Writersukhdeep@gmail.com**

INSTAGRAM

**{ im_sukhdep }**

Wording Check Mistakes

**Virpal Sidhu Maur**

# ਤਤਕਰਾ



| ਲੜੀ ਨੰਬਰ | ਕਵੀ ਦਾ ਨਾਮ |
|---|---|
| 1 | ਸੁਖਦੀਪ ਸਿੰਘ ਰਾਏਪੁਰ |
| 2 | ਵੀਰਪਾਲ ਸਿੱਧੂ ਮੌੜ |

# ਵੀਰਪਾਲ ਸਿੱਧੂ ਮੌੜ

# ਚੱਲ ਵੇਖਦੇ ਹਾਂ

# { ਕਵਿਤਾਵਾਂ }

## ਗ਼ਲਤੀ

ਉਹਨਾਂ ਕਿਹਾ
ਤੂੰ ਗਲਤੀ ਨਾਲ ਵੀ ਗ਼ਲਤੀ ਨਾ ਕਰ ਬੈਠੀ
ਮੈਂ ਕਿਹਾ
ਜਦ ਗ਼ਲਤੀ ਨਾਲ ਹੀ ਗ਼ਲਤੀ ਹੋ ਗਈ
ਉਹ ਗ਼ਲਤੀ ਵੀ ਕੀ ਰਹਿ ਗਏ◌ੀ,,,,,

***

## ਸਾਡਾ ਸ਼ਨੀਵਾਰ

ਹਾਂ ਸਾਨੂੰ ਵੀ ਚਾਅ ਹੁੰਦਾ ਸੀ ਸ਼ਨੀਵਾਰ ਦਾ

ਅੱਧਾ ਦਿਨ ਦਿਹਾੜੀ ਕਰ ਕਮਾਉਣ ਦਾ
ਮਾਂ ਕੋਲ ਆਟੇ ਲਇੀ ਪੈਸੇ ਨਹੀਂ ਹੁੰਦੇ ਸਨ
ਉਹ ਸਾਡੇ ਨਵੇਂ ਸ਼ੌਕ ਕਿਥੋਂ ਪੂਰੇ ਕਰਦੀ
ਅਸੀਂ ਹਾਲਾਤ ਦੇਖਦੇ ਸੀ
ਸਾਨੂੰ ਵੀ ਚਾਅ ਹੁੰਦਾ ਸੀ
ਮਾਂ ਨਾਲ ਸਹਾਰਾ ਲਗਾਉਣ ਦਾ
ਯਾਦ ਹੈ ਮੈਨੂੰ ਮਾਂ ਤਾਣੀ ਬੁਣਦੀ ਸੀ ਜਦੋਂ
ਮਾਂ ਮੈਨੂੰ ਸਕੂਲੋਂ ਆਉਂਦਿਆਂ ਹੀ ਕਹਿੰਦੀ ਸੀ
ਪੁੱਤ ਮੈਂ ਰਾਤ ਨੂੰ ਇੱਕ ਗਦੈਲਾ ਬੁਣ ਦੇਉ
ਤੂੰ ਨਲਕੀਆਂ ਵੱਟ ਮੇਰਾ ਵੋਹੀਆ ਭਰ ਦੇ
ਸ਼ਾਇਦ ਮਾਂ ਨੂੰ ਵੀ ਹੌਸਲਾ ਹੁੰਦਾ ਸੀ
ਸਾਡੇ ਅੱਧੇ ਸ਼ਨੀਵਾਰ ਦਾ
ਮਾਂ ਨੂੰ ਵਸ ਓਨਾ ਹੀ ਚਾਅ ਹੁੰਦਾ ਸੀ ਸਾਡੇ ਅੱਧੇ ਸ਼ਨੀਵਾਰ ਦਾ
ਮਾਂ ਅਕਸਰ ਕਹਿੰਦੀ ਸੀ ਪੁੱਤ ਅੱਜ ਹੀ ਸਕੂਲ ਦਾ ਕੰਮ ਨਿਬੇੜ ਦੇਉ
ਕੱਲ੍ਹ ਨੂੰ ਪੂਰੀ ਦਿਹਾੜੀ ਲਾ ਤੁਹਾਨੂੰ ਪੈਨ ਪੈਨਸਿਲਾਂ

ਦਵਾਉਗੀ
ਸਾਨੂੰ ਵੀ ਚਾਅ ਹੁੰਦਾ ਸੀ
ਪੈਨਸਿਲਾਂ ਤੇ ਸਿਆਹੀ ਆਲੇ ਨਵੇਂ ਪੈਨ ਲੈਣ ਦਾ
ਹਾਂ ਸਾਨੂੰ ਵੀ ਚਾਅ ਹੁੰਦਾ ਸੀ ਅੱਧੇ ਸ਼ਨੀਵਾਰ ਦਾ
ਸਾਡੇ ਕੋਲ ਵਕਤ ਨਹੀਂ ਹੁੰਦਾ ਸੀ ਵਿੰਦ ਬਹਿਣ ਦਾ
ਹਾਂ ਸਾਡਾ ਵੀ ਅੱਧਾ ਸ਼ਨੀਵਾਰ ਹੁੰਦਾ ਸੀ ਕੰਮ ਤੇ ਜਾਣ ਦਾ

**ਲਫ਼ਜ਼**

ਤੂੰ ਕਿਹਾ ਕੁਝ ਲਿਖ
ਤੇ ਮੈਂ ਤੇਰੀ ਹੀ ਤਾਰੀਫ਼ ਚ ਕੁਝ ਲਫਜ਼ ਲਿਖ ਦਿੱਤੇ
ਤੇ ਉਹ ਕਵਿਤਾ ਬਣ ਗਇ◌ੇ,,,

***

**ਅਲਫਾਜ਼**

ਤੁਸੀਂ ਮੈਨੂੰ ਕਵਿਤਾ ਲਿਖਣ ਨੂੰ ਨਾ ਆਖੇਓ
ਮੈਨੂੰ ਕਵਿਤਾ ਲਿਖਣੀ ਨਹੀਂ ਆਉਂਦੀ

ਜੇ ਤੁਸੀਂ ਕਹੋਗੇ ਚੱਲ ਕੁਝ ਵੀ ਲਿਖ ਦੇ
ਮੈਂ ਉਹਦੀ ਯਾਦ ਚ ਕੁਝ ਅਲਫ਼ਾਜ਼ ਲਿਖ ਸਕਦੀ ਹਾਂ
ਤੁਸੀਂ ਉਹਨੂੰ ਪੜ ਕੇ ਕੁਝ ਵੀ ਸਮਝ ਲਇਏਓ
ਪਰ ਮੇਰੇ ਲਈ ਦਾ ਉਹਦੀਆਂ ਯਾਦਾਂ ਦੇ ਅਲਫਾਜ ਨੇ,,,

***

## ਸਿਲਸਿਲਾ

ਅਜੀਬ ਹੈ ਸਿਲਸਿਲਾ ਤੇਰੇ ਖਿਆਲਾਂ ਦਾ
ਇਹ ਆਉਂਦੇ ਵੀ ਉਦੋਂ ਨੇ
ਜਦੋਂ ਮੈਂ ਤੈਨੂੰ ਖਿਆਲ ਲਿਆਉਣਾ ਨਹੀਂ ਚਾਹੁੰਦੀ ਹੁੰਦੀ,,,

***

## ਮਰਦ

ਤੂੰ ਤਾਂ ਮਰਦ ਹੈ
ਤੈਨੂੰ ਕਿਥੋਂ ਦਰਦ ਹੈ
ਮੇਰੇ ਤੇ ਰੋਅਬ ਪਾਉਣਾ ਤੇਰਾ ਫਰਜ਼ ਹੈ
ਤੇ ਮੈਂ ਇੱਕ ਔਰਤ ਹਾਂ
ਗੁਲਾਮੀ ਸਹਿਣ ਵਾਲੀ
ਤੇਰੀ ਸੌਰਤ ਹਾਂ
ਮੈਨੂੰ ਤੇਰਾ ਡਰ ਹੈ
ਭਾਵੇਂ ਮੇਰਾ ਕੋਈ ਘਰ ਨਹੀਂ ਹੈ
ਮੈਂ ਚੁੱਪ ਰਹਿ ਸਭ ਸਹਾ
ਇਹ ਸਹਿਣਾ ਹੀ ਮੇਰਾ ਫਰਜ਼ ਹੈ
ਕਦੇ ਬਾਪ ਦੇ ਰੂਪ ਚ
ਕਦੇ ਭਰਾ ਦੇ ਰੂਪ
ਕਦੇ ਪਤੀ ਦੇ ਰੂਪ ਚ
ਕਦੇ ਪੁੱਤ ਦੇ ਰੂਪ ਚ
ਮੈਂ ਤੇਰੇ ਸਾਏ ਹੇਠ ਹੀ ਪਲੀ ਹਾਂ
ਮੇਰੇ ਸਿਰ ਤੇਰਾ ਬਹੁਤ ਕਰਜ਼ ਹੈ
ਮੈਂ ਤੇਰਾ ਤੋਂ ਡਰਾ

ਇਹ ਮੇਰਾ ਫਰਜ਼ ਹੈ,,

***

**ਬੇਸਮਝ ਲੋਕ**

ਇੱਥੇ ਲੋਕ ਬੇਸਮਝ ਨੇ
ਰੱਬ ਤੇ ਹੀ ਉਂਗਲਾਂ ਨੇ ਉਠਾਉਂਦੇ
ਇੱਥੇ ਲੋਕ ਅੰਨੇ ਨੇ
ਜੋ ਰੱਬ ਦੀ ਨਿਆਰੀ ਨੀਲਾ ਦੇਖ ਨਹੀਂ ਪਾਉਂਦੇ
ਇੱਥੇ ਲੋਕ ਬਹਿਰੇ ਨੇ
ਜੋ ਰੱਬ ਦੀ ਆਵਾਜ਼ ਨੂੰ ਨਹੀਂ ਸੁਣ ਪਾਉਂਦੇ
ਇੱਥੇ ਲੋਕ ਗੂੰਗੇ ਨੇ
ਜੋ ਰੱਬ ਦੀ ਮਹਿਮਾ ਨੂੰ ਗੁਣਗੁਣਾ ਨਹੀਂ ਪਾਉਂਦੇ,,,

***

**ਤੂਫ਼ਾਨ**

ਬਹੁਤੇ ਲੋਕ ਮੈਨੂੰ ਚੁੱਪ ਦਿਖਾਈ ਦਿੰਦੇ ਨੇ

ਪਰ ਅੰਦਰ ਉਹਨਾਂ ਦੇ ਤੂਫ਼ਾਨ ਆਏ ਹੋਏ ਨੇ,,,,

***

## ਨਵਾਂ ਰਿਸ਼ਤਾ

ਚੱਲ ਆ ਆਪਾਂ ਇੱਕ ਨਵਾਂ ਰਿਸ਼ਤਾ ਤਹਿ ਕਰੀਏ
ਜਿਸ ਚ ਕੋਈ ਬੁਨਿਆਦ ਨਾ ਹੋਵੇ
ਜਿਸ ਚ ਕੋਈ ਬੰਦਸ਼ ਨਾ ਹੋਵੇ
ਜਿਸ ਹਰ ਗੱਲ ਕਹਿ ਹੋਵੇ
ਚੱਲ ਆ ਆਪਾਂ ਉਹ ਰਿਸ਼ਤਾ ਬਣਾਈਏ
ਜਿਸ ਦਾ ਕੋਈ ਨਾਂ ਨਾ ਹੋਵੇ
ਬੇਨਾਮ ਹੋਵੇ
ਬਸ ਆਪਣਿਆਂ ਵਾਂਗ ਇੱਕਠੇ ਬਹਿ ਖਾਈਏ
ਚੱਲ ਆ ਆਪਾਂ ਉਹ ਰਿਸ਼ਤੇ ਨੀਂਹ ਰੱਖੀਏ
ਜਿਸ ਦੀ ਕੋਈ ਗੰਢ ਨਾ ਹੋਵੇ
ਜਿਸ ਚ ਚਿੰਤਾ ਦੀ ਕੋਈ ਪੰਡ ਨਾ ਹੋਵੇ
ਚੱਲ ਆ ਆਪਾਂ ਉਹ ਰਿਸ਼ਤੇ ਦੀ ਗੱਲ ਕਰੀਏ

ਜਿਸ ਚ ਮਾਂ ਬਾਪ

ਭੈਣ ਭਰਾ

ਧੀ ਪੁੱਤ

ਦੋ ਪਿਆਰ ਕਰਨ ਵਾਲੇ

ਹਰ ਰਿਸ਼ਤੇ ਆ ਜਾਣ

ਜੇ ਤੈਨੂੰ ਮਨਜ਼ੂਰ ਹੋਵੇ

ਤਾਂ ਚੱਲ ਆ ਆਪਾਂ ਨਵੇਂ ਰਿਸ਼ਤੇ ਦੀ ਨੀਂਹ ਰੱਖੀਏ,,,,

***

## ਜ਼ਿਕਰ ਤੇ ਫ਼ਿਕਰ

ਕੌਣ ਨੇ ਇਹ ਲੋਕ

ਜਿੰਨਾ ਦੇ ਕੁਝ ਵੀ ਕਹਿਣ ਤੇ ਮੈਨੂੰ ਪੀੜ ਹੁੰਦੀ ਹੈ

ਜਿੰਨਾ ਦੀ ਗੱਲ ਮੇਰੇ ਦਿਲ ਨੂੰ ਚੀਰ ਦਿੰਦੀ ਹੈ

ਕੌਣ ਨੇ ਇਹ ਲੋਕ

ਜੋ ਆਪਣੀਆਂ ਗੱਲਾਂ ਚ ਮੇਰਾ ਜ਼ਿਕਰ ਕਰਦੇ ਨੇ

ਕਦੇ ਮੇਰੇ ਕੱਪੜਿਆਂ ਦਾ

ਕਦੇ ਮੇਰੀਆਂ ਗੱਲਾਂ ਦਾ

ਕਦੇ ਮੇਰੇ ਰਹਿਣ ਦਾ
ਕਦੇ ਮੇਰੇ ਉਠਣ ਦਾ
ਕਦੇ ਮੇਰੇ ਬੈਠਣ ਦਾ
ਕਦੇ ਮੇਰੇ ਖਾਣ ਦਾ
ਕਦੇ ਮੇਰੇ ਕੰਮ ਦਾ
ਕਦੇ ਮੇਰੇ ਚੰਮ ਦਾ
ਹਾਂ ਸੱਚ ਇਹ ਤਾਂ ਲੋਕ ਨੇ
ਜ਼ਿਕਰ ਹੀ ਕਰਨਗੇ
ਫ਼ਿਕਰ ਥੋੜਾ ਕਰਨਗੇ,,,

***

**ਬਲਾਤਕਾਰ**

ਮੈਂ ਔਰਤ ਹਾਂ
ਤੁਸੀਂ ਆ ਸਕਦੇ ਹੋ ਮੇਰੇ ਕੋਲ
ਗੱਲਾਂ ਕਰ ਸਕਦੇ ਹੋ
ਮੈਂ ਚਾਹ ਪਾਣੀ ਵੀ ਪੁਛਾਂਗੀ

ਰੋਟੀ ਵੀ ਬਣਾ ਕੇ ਦੇ ਦੇਵਾਂਗੀ
ਮੈਂ ਕੱਪੜੇ ਧੋ ਕੇ ਵੀ ਸਕਦੀ ਹਾਂ
ਤੇ ਤੁਸੀਂ
ਤੁਸੀਂ ਤਾਂ ਮਰਦ ਹੋ
ਮੇਰੇ ਕੰਮ ਨਹੀਂ ਕਰ ਸਕੋਗੇ
ਸਿਰਫ਼ ਬਲਾਤਕਾਰ ਕਰੋਗੇ
ਮੇਰੇ ਜ਼ਿਹਨ ਦਾ
ਮੇਰੀਆਂ ਸਧਰਾਂ ਦਾ
ਮੇਰੇ ਜਜ਼ਬਾਤਾਂ ਦਾ,,,,,

***

## ਰੈਸਟ

ਹਾਂ ਮੈਂ ਬੀਮਾਰ ਹਾਂ
ਮੈਂ ਮੰਨਦੀ ਹਾਂ
ਤੁਹਾਨੂੰ ਫ਼ਿਕਰ ਹੈ ਮੇਰੀ

ਚੱਲ ਮੰਨਿਆ ਕਿ ਮੈਂ ਤੁਹਾਡਾ ਕਹਿਣਾ ਮੰਨਦੀ ਨਹੀਂ
ਚੱਲ ਤੁਹਾਡੇ ਕਹਿਣ ਤੇ
ਮੈਂ ਛੁੱਟੀ ਲੈ ਕੇ ਰੈਸਟ ਵੀ ਕਰ ਲਊ
ਤੁਸੀਂ ਮੇਰੇ ਪੀਪੇ ਚ ਮੁੱਕਿਆ ਆਟਾ ਤਾਂ ਪਾ ਦਿਓ
ਜੇ ਤੁਸੀਂ ਕੁਝ ਨਹੀਂ ਕਰ ਸਕਦੇ
ਤਾਂ ਤੁਸੀਂ ਮੈਨੂੰ ਤਾਨਿਆਂ ਵਾਲੇ ਤਸੀਹੇ ਤਾਂ ਨਾ ਦਿਓ,,,

***

## ਨਕਲ਼ੀ ਮੁਹੱਬਤ

ਚੱਲ ਆ ਆਪਾਂ
ਮਹੁੱਬਤ ਦੀ ਨਕਲ ਕਰਦੇ ਹਾਂ
ਜਿਸਮਾਂ ਦੀ ਛੋਹ ਤੋਂ ਬਿਨਾਂ
ਇੱਕ ਦੂਜੇ ਨਾਲ ਪਿਆਰ ਦੀ ਗੱਲ ਕਰਦੇ ਹਾਂ
ਮੈਂ ਤੈਨੂੰ ਨਕਲੀ ਪਿਆਰ ਨਾਲ ਮਿਲਾਂਗੀ
ਤੂੰ ਵੀ ਮੇਰੇ ਲਈ ਕੋਈ ਨਕਲੀ ਤੋਹਫ਼ਾ ਲੈ ਆਈ
ਚੱਲ ਆ ਆਪਾ ਪਿਆਰ ਦਾ ਨਕਲੀ ਇਜ਼ਹਾਰ ਕਰਦੇ ਹਾਂ

ਚੱਲ ਕੀ ਕਰਨੈ ਪਿਆਰ ਦੀਆਂ ਬੰਦਸ਼ਾਂ ਚ ਬੰਦ ਕੇ
ਆ ਆਪਾਂ ਪਿਆਰ ਦੀ ਨਕਲ ਦਾ ਨਾਟਕ ਕਰਦੇ ਆਂ
ਤੈਨੂੰ ਤਾਂ ਪਤੈ
ਅੱਜ ਕੱਲ੍ਹ ਲੋਕੀ ਨਕਲ ਨੂੰ ਹੀ ਪਸੰਦ ਕਰਦੇ ਐ
ਤੂੰ ਦੇਖਿਆ ਨਹੀਂ ਹੋਣਾ ਬਾਜ਼ਾਰਾਂ ਚ ਨਕਲੀ ਚੀਜ਼ਾਂ ਵਿਕਦੀਆਂ
ਮੈਂ ਦੇਖੀਆਂ ਨੇ
ਔਰਤਾਂ ਵੀ ਵਿਕਦੀਆਂ
ਔਰਤਾਂ ਦੇ ਜਿਸਮ ਵੀ ਵਿਕਦੇ
ਉਥੇ ਵੀ ਮਰਦ ਕਾਮ ਵਾਸਨਾ ਨੂੰ ਹੀ ਪੂਰਾ ਕਰਦੇ ਐ
ਤਾਹੀਂ ਕਿਹਾ
ਜਿਸਮਾਂ ਦੀ ਛੋਹ ਤਾਂ ਬਾਜ਼ਾਰੀ ਐ
ਇੱਥੇ ਪਿਆਰ ਦੇ ਸਭ ਵਿਪਾਰੀ ਐ
ਇਥੇ ਸਭ ਦਿਖਾਵਾ ਐ
ਇਥੇ ਸਭ ਨਾਟਕ ਐ
ਆ ਆਪਾਂ ਵੀ ਮੁਹੱਬਤੀ ਨਾਟਕ ਕਰਦੇ ਹਾਂ
ਮੁਹੱਬਤੀ ਨਾਟਕ ਮੁਹੱਬਤ ਦੀ ਨਕਲ ਕਰਦੇ ਹਾਂ,,,

# ਸੁਖਦੀਪ ਸਿੰਘ ਰਾਏਪੁਰ

# ਚੱਲ ਵੇਖਦੇ ਹਾਂ

# { ਕਵਿਤਾਵਾਂ }

## ਤੈਨੂੰ ਪਤਾ

ਹੁਣ ਅੱਖਾਂ ਫੜਕਾਉਣ ਨੂੰ ਦਿਲ ਨਹੀਂ ਕਰਦਾ
ਅੰਦਰੋਂ ਆਵਾਜ਼ ਜਿਹੀ ਆਉਂਦੀ ਹੈ
ਕਾਸ਼ ਏਥੇ ਹੀ ਰੁੱਕ ਜਾਣ
ਬਸ ਹੋਰ ਨਹੀਂ ਜਿਉਣਾ
ਚਾਅ ਨਹੀਂ ਰਿਹਾ
ਸਾਹਾਂ ਦੀ ਲੜੀ ਦਾ

ਹੁਣ ਤਾਂ
ਉਹ ਦੇਹ ਵੀ ਨਹੀਂ ਰਹੀ

ਬਸ ਬਾਕੀ ਨੇ
ਮੁੱਠ ਕੁ ਹੱਡੀਆਂ

ਤੈਨੂੰ ਪਤਾ
ਮੈਂ ਏਦਾਂ ਦਾ ਇਨਸਾਨ ਹਾਂ
ਜੋ ਖ਼ੁਦ ਰੋ ਸਕਦਾ ਹਾਂ
ਕਿਸੇ ਦੇ ਵੰਡੇ ਦਾ
ਪਰ ਕਿਸੇ ਨੂੰ ਰੋਂਦੇ ਨਹੀਂ ਵੇਖ ਸਕਦਾ

ਫ਼ੇਰ ਤੂੰ ਆਪ ਦੱਸ
ਮੇਰੀ ਗ਼ਲਤੀ ਕੀ ਸੀ।
ਕਿ ਮੈਂ ਵਿਸ਼ਵਾਸ ਕੀਤਾ
ਜਾਂ ਉਸਨੂੰ ਆਪਣੇ ਵਰਗਾ ਸਮਝਿਆ

ਦਰਅਸਲ ਵਿਚ ਸੱਚ ਦੱਸਾਂ
ਮੈਨੂੰ ਲੱਗਦਾ
ਮੈਂ ਸਹੀ ਹਾਂ ਨਹੀਂ ਕਿਤੇ ਵੀ

ਸਾਰੇ ਕਿਤੇ ਗ਼ਲਤ ਹੀ ਗ਼ਲਤ ਹਾਂ

***

## ਇਹ ਲੋਕ

ਇਹ ਲੋਕ ਔਰਤ ਨੂੰ
ਦੇਵੀ ਆਖਦੇ ਨੇ
ਕੁੜੀ ਨੂੰ ਕੰਨਿਆ

ਪਰ ਮੈਨੂੰ ਇਹ
ਦੋਵੇਂ ਬਰਦਾਸ਼ਤ ਨਹੀਂ

ਕਿਉਂਕਿ ਮੈਨੂੰ
ਜਦੋਂ ਵੀ ਲੁੱਟਿਆ ਗਿਆ
ਤੋੜਿਆ ਗਿਆ

ਤਾਂ ਉਸ ਪਿੱਛੇ
ਕਦੇ ਇੱਕ ਔਰਤ
ਤੇ ਇੱਕ ਕੁੜੀ ਦਾ ਹੱਥ ਸੀ।

ਤੁਸੀਂ ਦੱਸੋ
ਕੀ ਤੁਸੀਂ ਮੰਨਦੇ ਹੋ
ਮੰਨੀਂ ਜਾਓ
ਪਰ ਮੈਂ ਨਹੀਂ ਮੰਨਦਾ

ਇਹਨਾਂ ਦੀ ਆਦਤ ਹੈ
ਗੁਰੂ ਘਰ
ਮੱਥਾ ਟੇਕਣ ਤੋਂ ਬਾਅਦ
ਰਾਹ ਵਿਚ ਆਉਂਦੇ
ਡੇਰੇ ਵਿਚ ਸੇਵਾ ਕਰਨ ਲੱਗ ਜਾਣਾਂ

ਕਦੇ ਹਵਾ ਸਮਝ ਆਈ ਆ
ਇਹ ਮੌਸਮ ਵਿਭਾਗ ਨੂੰ

ਛੂਠਾ ਪਾ ਦੇਂਦੀ ਆ
ਤੇ ਤੂੰ ਤਾਂ
ਫ਼ੇਰ ਵੀ ਇੱਕਲਾ ਇਕਹਿਰਾ ਹੈਂ

ਇੱਕ
ਔਰਤ ਹਵਾ ਨਾਲੋਂ ਘੱਟ ਨਹੀਂ

***

## ਮੇਰੇ ਕੋਲ਼

ਮੇਰੇ ਕੋਲ਼ ਕੁਝ ਨਹੀਂ ਰਿਹਾ
ਮੈਂ ਖ਼ੁਦ ਆਪ ਵੀ ਨਹੀਂ
ਸਾਰਾ ਕੁਝ ਲੈ ਗਈ
ਜਾਂਦੀ ਜਾਂਦੀ...ਉਹ

ਜਿਸਨੇ ਕਿਹਾ ਸੀ
ਕਿ ਔਰਤ ਦੇ ਅੰਦਰ ਰੱਬ ਹੁੰਦਾ
ਤਾਂ ਉਸਨੂੰ ਕੋਈ ਪੁੱਛੇ
ਕਿ ਰੱਬ ਝੂਠ ਦੀ ਕੁੱਲੀ ਵਿਚ ਕਿਵੇਂ ਰਹਿ ਲੈਂਦਾ ਹੈ
ਉਹਦਾ ਸਾਹ ਨਹੀਂ ਘੁੱਟਦਾ

***

**ਅਸਤੀਫਾ**

ਜਦੋਂ ਪਹਿਲੀ
ਮੈਨੂੰ ਤੋੜਿਆ ਗਿਆ
ਮੈਨੂੰ ਲੱਗਾ ਕਿ
ਮੈਨੂੰ ਮੇਰੀ ਗ਼ਲਤੀ ਦੀ ਸਜ਼ਾ ਮਿਲੀ ਹੈ

ਜੋ ਜ਼ਰੂਰੀ ਸੀ।
ਮੈਂ ਹੱਸ ਕੇ ਜ਼ਰ ਲਿਆ ਸਭ ਕੁਝ

ਪਰ ਜੋ ਹੁਣ ਸਜ਼ਾ ਮਿਲ਼ੀ ਹੈ।
ਇਸਦੀ ਕੀ ਗ਼ਲਤੀ ਹੈ
ਕਿਸੇ ਦੇ ਦਰਦ ਨੂੰ ਖੋਹ ਕੇ
ਉਸਨੂੰ ਹਾਸੇ ਦੇਣੇ

ਕੀ ਇਹ ਕੋਈ ਗ਼ਲਤੀ ਹੈ

ਕਿਸੇ ਦੇ ਨਾਲ਼ ਦੀ ਜਗਾਹ ਨੂੰ
ਉਹਦੀ ਮਰਜ਼ੀ ਸਦਕਾ ਭਰਨਾ
ਕਿਸੇ ਦੀ ਮੁਹੱਬਤ ਕਬੂਲ ਕਰਨਾ
ਕਿਸੇ ਦੀ ਖ਼ੁਸ਼ੀ ਲਈ
ਆਪਣੀ ਰਾਤਾਂ ਦੀ ਨੀਂਦਰ ਗਵਾ ਦੇਣਾ

ਜੇ ਇਹ ਸਭ ਗ਼ਲਤੀਆਂ ਨੇ

ਮੈਂ ਇਸ ਜ਼ਿੰਦਗੀ ਤੇ ਸਾਹਾਂ
ਤੋਂ ਅਸਤੀਫ਼ਾ ਦੇਦਾਂ ਹਾਂ

***

## ਚੱਲ ਕੋਈ ਨਾ

ਹਾਸੇ ਅੱਜ ਵੀ ਓਵੇਂ ਨੇ
ਬੇਸ਼ੱਕ ਅਜ਼ਮਾ ਕੇ ਵੇਖ ਲਈ
ਡੁੱਲ੍ਹਦਾ ਇੱਕ ਵੀ ਹੰਝੂ ਨਹੀਂ
ਜੇ ਚਾਹੇਂ ਤਾਂ ਆ ਕੇ ਵੇਖ ਲਵੀਂ
ਪਰ ਹਾਂ,ਸਭ ਮੁੱਕ ਗਈਆਂ ਤੇਰੇ ਬਿਨਾਂ
ਗੱਲ ਕੋਈ ਨਾ...
ਹੁਣ ਸਾਰੇ ਆਖ ਕੇ ਪਾਸਾ ਵੱਟ ਲੈਂਦੇ ਨੇ
ਚੱਲ ਕੋਈ ਨਾ...

ਹੁਣ ਲਿਖਣ ਨੂੰ ਦਿਲ ਕਰਦਾ

ਪਰ ਤੈਨੂੰ ਬਦਨਾਮ ਨਹੀਂ ਕਰਨਾ ਚਾਹੁੰਦਾ
ਕੋਈ ਖੇਡ ਨਹੀਂ ਮੁਹੱਬਤ ਸੀ
ਮੈਂ ਝੂਠੇ ਵਾਅਦੇ ਵੀ,ਨਿਲਾਮ ਨਹੀਂ ਕਰਨਾ ਚਾਹੁੰਦਾ
ਜਾਣਦਾ ਹਾਂ ਬੇਸ਼ੱਕ ਇਹਨਾਂ ਦਾ ਹੱਲ ਕੋਈ ਨਾ
ਤੈਨੂੰ ਪਤਾ
ਹੁਣ ਹਰ ਕੋਈ ਹੱਸ ਕੇ ਕਹਿ ਦੇਂਦਾ ਏ
ਚੱਲ ਕੋਈ ਨਾ

ਹੁਣ ਨਾਂ ਦੇ ਅੱਖਰ ਵੀ ਬਦਲ ਲਏ
ਨਾ ਪਹਿਲਾਂ ਵਾਲੀ ਪਹਿਚਾਣ ਰੱਖੀ ਏ
ਕੋਈ ਨਹੀਂ ਕਿਸੇ ਦਾ,ਸਭ ਮਤਲਬੀ
ਗੱਲ ਐਨੀ ਕੁ ਤਾਂ ਜਾਣ ਰੱਖੀ ਏ
ਆ ਜੋ ਆਸਾਨ ਕਰ ਕਰ ਗਿਣਾਉਂਦੇ ਨੇ
ਉਹਨਾਂ ਦੀ ਕੱਲ੍ਹ ਕੋਈ ਨਾ
ਖ਼ੁਸ਼ ਰਹੋ ਆਪਣੀ ਜ਼ਿੰਦਗੀ ਵਿਚ
ਚੱਲ ਕੋਈ ਨਾ

***

ਐਵੇਂ, ਦੱਸ ਭਲਾਂ ਬੱਚਾ ਕੌਣ ਆ
ਉਈ,ਦੱਸ ਭਲਾਂ ਸੱਚਾ ਕੌਣ ਆ

ਇਹ ਦੁਨੀਆਂ ਹੈ ਸਮਝ ਤੋਂ ਪਰੇ
ਉਹੀ ਦੇਵੇ ਧੋਖਾ, ਜੀਹਦਾ ਵੱਧਕੇ ਕਰੇ

***

ਲੱਗਦਾ ਮੌਸਮ ਆਪਣੇ ਆਪ ਨਹੀਂ ਬਦਲਦਾ,
ਇਸ ਨੂੰ ਬਦਲਿਆਂ ਜਾਂਦਾ ਹੈ।
ਪਤਾ ਨਹੀਂ ਕਿਉਂ
ਇਹ ਪਲ਼ ਹਰ ਇਕ ਹੀ ਐਦਾਂ ਹੋ ਰਿਹਾ ਹੈ।

ਜਿਵੇਂ ਚੁੱਲ੍ਹੇ ਵਿੱਚੋਂ ਕੱਢੀ ਲੱਕੜ ਧੁਖ਼ਦੀ ਆ
ਤਾਂ ਅੱਧ ਪੀਤੀ ਸਿਗਰਟ ਸੁਲਗਦੀ ਹੈ....

***

ਨਫ਼ਰਤ ਜਿਹੀ ਹੋ ਗਈ
ਜਦੋਂ ਕੋਈ ਆਖਦਾ ਹੈ।
ਕਿ ਮੈਂ ਇੱਕ ਔਰਤ ਹਾਂ
ਆਈ ਐੱਮ ਗਰਲ
ਤਾਂ ਡਰ ਜਿਹਾ ਲੱਗਣ ਲੱਗ ਜਾਂਦਾ ਹੈ।
ਉਹ ਦਿਨ ਅੱਗੇ ਆ ਜਾਂਦੇ ਨੇ,

ਚੱਲੋ ਛੱਡੋ ਜੀ।

***

## ਕਮਲ਼ੀ

ਉਹ ਤੇ ਸਦਾ ਕੋਲ਼ ਰਹਿੰਦੀ ਹੈ।
ਕਦੇ ਹਵਾ ਬਣਕੇ

ਕਦੇ ਧੁੱਪ

ਕਦੇ ਰਾਤ

ਤੇ ਯਾਦ ਤਾਂ ਅਕਸਰ ਹੀ ਬਣ ਜਾਂਦੀ ਹੈ।

ਜਾਂ ਫ਼ੇਰ ਸਿਰਦਰਦੀ

ਸਟ੍ਰੈੱਸ,ਅੱਪਸੈੱਟ

ਤੇ ਹੋਰ ਪਤਾ ਨਹੀਂ ਕੀ ਕੀ

***

## ਮੈਂ ਇਹ ਪਾਪ ਰੋਜ਼ ਕਰਦਾਂ ਹਾਂ

ਸਵੇਰ ਦੇ ਚਾਰ ਵੱਜੇ ਸੀ।

ਪਤਾ ਨਹੀਂ ਕਿਉਂ ਅੱਖ ਖੁੱਲ੍ਹ ਗਈ

ਤੇਰੀ ਤਸਵੀਰ ਨਾ ਚਾਹੁੰਦੇ ਵੀ

ਅੱਖਾਂ ਅੱਗੇ ਘੁੰਮਣ ਲੱਗੀ

ਇਹ ਉਹ ਵੇਲਾ ਹੈ
ਜਦੋ ਕਿ ਸਾਧ ਧਿਆਨ ਧਰਦਾ ਹੈ
ਇਹ ਉਹ ਵੇਲਾ ਹੈ
ਜਦੋਂ ਕੋਈ ਕਵੀ
ਕਵਿਤਾ ਲਿਖਦਾ ਹੈ।
ਵੇਖ ਇੱਕ ਮੈਂ ਹਾਂ
ਜੋ ਉਹਦੇ ਬਾਰੇ ਸੋਚਣ ਲੱਗਾ ਹਾਂ
ਜਿਹਨੇ ਕਿੰਨੇ ਮਹੀਨੇ ਬੀਤ ਗਏ
ਮੇਰੇ ਬਾਰੇ ਇਕ ਵਾਰ ਵੀ ਨਹੀਂ ਸੋਚਿਆ

ਚੰਗਾ ਦਰਦ ਦੇਂਦੀ ਹੈ
ਇਹ ਮੁਹੱਬਤ
ਪਰ ਫ਼ੇਰ ਵੀ ਮੋਹ ਆਉਂਦਾ
ਸ਼ਾਇਦ ਤਾਂ ਹੀ ਮੁਹੱਬਤ ਹੈ।

ਮੈਂ ਪੁੱਛਣਾਂ ਚਾਹੁੰਦਾ ਹਾਂ
ਕਿ ਮੇਰੀ ਉਡੀਕ ਦਾ ਸਿਰਾ ਹੈ ਕੋਈ

ਜਾਂ ਇਹ ਵੀ ਡੁੱਬ ਜਾਵੇਗੀ
ਉਹਨਾਂ ਵਾਂਗ
ਜਿਹਨਾਂ ਵਾਂਗ ਮੇਰੇ
ਨਿੱਕੇ ਨਿੱਕੇ ਸੁਪਨੇ ਡੁੱਬ ਗਏ ਸੀ।

ਮੈਂ ਬਹੁਤ ਕੋਸ਼ਿਸ਼ ਕਰੀ
ਕਿਸੇ ਵਿੱਚੋਂ ਤੈਨੂੰ ਲੱਭਣ ਦੀ
ਜਿੰਨੀਂ ਵਾਰ ਵੀ ਕੋਸ਼ਿਸ਼ ਕੀਤੀ
ਮੈਂ ਖ਼ੁਦ ਕੋਲ਼ ਪਹੁੰਚ ਗਿਆ

ਕਈ ਹਫਤੇ ਪਹਿਲਾਂ
ਇੱਕ ਕੁੜੀ ਆਈ
ਜਵਾਂ ਤੇਰੇ ਵਰਗੀਆਂ ਗੱਲਾਂ
ਜਵਾਂ ਤੇਰੇ ਵਰਗੀ
ਸੂਰਤ ਵਿਚ ਨਹੀਂ ਸੀਰਤ ਵਿਚ

ਮੇਰਾ ਦਿਲ ਕੀਤਾ

ਮੈਂ ਜਵਾਕਾਂ ਵਰਗਾ ਬਣ ਜਾਵਾਂ
ਮੰਨ ਲਵਾਂ
ਇਹ ਉਹੀ ਆ
ਮਾਂ ਪਾਸਾ ਬਦਲ ਤੇ ਵਿਖਾ ਦੇਵੇ
ਆ ਵੇਖ ਆ ਉਹੀ ਆ
ਜਿਦਾਂ ਨਿੱਕੇ ਹੁੰਦੇ
ਕਿਸੇ ਖਿਡੌਣੇ ਨੂੰ ਆਪਣਾ
ਮੰਨ ਲੈਂਦੇ ਸੀ।

ਉਹਨਾਂ ਬਾਰੇ ਲਿਖਣਾਂ
ਜਿਹਨਾਂ ਨੇ ਪੜ੍ਹਨਾ ਨਹੀਂ
ਸਭ ਤੋਂ ਵੱਡਾ ਪਾਪ ਹੈ।
ਮੈਂ ਇਹ ਪਾਪ ਰੋਜ਼ ਕਰਦਾਂ ਹਾਂ

ਫ਼ੇਰ ਪੁੰਨ ਕੀ ਹੁੰਦਾ
ਕਿਸੇ ਦੇ ਕਹਿਣ
ਉਹ ਕਵਿਤਾ ਲਿਖਣਾ

ਜਿਸਨੂੰ ਪਸੰਦ ਨੇ
ਇਹ ਤਾਰਿਆਂ ਵਰਗੇ ਅੱਖਰ
ਸੂਰਜ ਵਰਗੀ ਢਾਲ
ਜੋ ਮੈਂ ਕਦੇ ਨਹੀਂ ਕੀਤਾ

ਅੱਜ-ਕੱਲ੍ਹ
ਮੈਂ ਨਿੱਕਾ ਹੋ ਰਿਹਾਂ ਹਾਂ
ਮੇਰੇ ਆਸੇ ਪਾਸੇ ਦੀ ਦੁਨੀਆਂ
ਅਲੋਪ ਹੋ ਰਹੀ ਆ
ਮੈਂ ਉਹਨੂੰ ਥੋੜ੍ਹਾ ਥੋੜ੍ਹਾ
ਭੁੱਲਦਾ ਜਾ ਰਿਹਾ ਹਾਂ

ਮੈਂ ਅੱਜ ਕੱਲ੍ਹ
ਉਸਨੂੰ ਸਿਰਫ਼ ਯਾਦ ਕਰਦਾ ਹਾਂ
ਪਰ ਮੇਰੀ ਉਡੀਕ ਵਿਚ
ਹੁਣ ਕਿਸੇ ਹੋਰ ਦਾ ਨਾ ਹੈ

ਬੇਸ਼ੱਕ ਉਹਨੂੰ ਪਤਾ ਹੈ
ਜਿਸਦੀ ਮੈਂ ਉਡੀਕ ਕਰਦਾ ਹਾਂ
ਉਹ ਆਖਦੀ ਹੈ
ਤੂੰ ਮੇਰੀ ਉਡੀਕ ਨਾ ਕਰਿਆ ਕਰ
ਮੈਨੂੰ ਚੰਗ਼ਾ ਨਹੀਂ ਲੱਗਦਾ,
ਪਰ ਉਹ ਨਹੀਂ ਜਾਣਦੀ
ਗੁਰੂ ਪਾਠੀ ਵੀ ਤਾਂ ਕਰਦਾ ਹੈ
ਹਰ ਰੋਜ਼ ਪਾਠ
ਕੁਦਰਤ ਵੀ ਤਾਂ ਕਹਿੰਦੀ ਹੋਣੀਂ
ਅੱਜ ਮੇਰਾ ਚਿੱਤ ਲੋਟ ਨਹੀਂ
ਇਹ ਨਹੀਂ ਹੋ ਸਕਦਾ
ਤੂੰ ਅੱਜ ਪਾਠ ਨਾ ਕਰੇ
ਨਹੀਂ ਹੁੰਦਾ ਨਾ ਐਵੇਂ
ਬਸ ਉਹ ਹਿੱਸਾ ਬਣ ਚੁੱਕਿਆ ਹੈ
ਜਿਵੇਂ ਤੂੰ ਮੇਰਾ

***

## ਅਲਵਿਦਾ

ਕੁਝ ਘੰਟਿਆਂ ਤੋਂ
ਡਾਢੇ ਬੁਖ਼ਾਰ ਨੇ ਘੇਰ ਰੱਖਿਆ ਹੈ
ਪੈਰਾਂ ਤੇ ਖਲੋਇਆ ਨਹੀਂ ਜਾ ਰਿਹਾ

ਅੱਖ ਵੀ ਨਹੀਂ ਖੁੱਲ੍ਹ ਰਹੀ
ਲੱਗਦਾ ਇਹ ਆਖ਼ਰੀ ਪਲ਼ ਨੇ
ਮੈਨੂੰ ਮੇਰੇ ਸਫ਼ਰ ਦਾ ਅੰਤ
ਸਾਹਮਣੇ ਵਿਖਾਈ ਦੇ ਰਿਹਾ ਹੈ

ਮੈਨੂੰ ਨਹੀਂ ਪਤਾ
ਮੇਰੇ ਤੋਂ ਬਾਅਦ
ਮੇਰੀ ਜਗਾਹ ਕੌਣ ਲਵੇਗਾ
ਇਹਨਾਂ ਦੁਨੀਆਂ ਦੇ ਲੋਕਾਂ ਕੋਲ਼,

ਪਰ ਹਾਂ ਇਹ ਜਾਣਦਾ ਹਾਂ
ਤੇਰੇ ਤੋਂ ਬਾਅਦ
ਉਹਦੇ ਤੋਂ ਬਾਅਦ
ਮੇਰੇ ਕੋਲ਼ ਤੁਹਾਡੀਆਂ ਯਾਦਾਂ ਸਨ
ਉਡੀਕ ਸੀ ਮੇਰੇ ਕੋਲ਼

ਮੈਂ ਨਹੀਂ ਲਿਖਾਂਗਾ
ਇੱਕ ਆਖ਼ਰੀ ਕਵਿਤਾ
ਨਹੀਂ ਕਹਾਂਗਾ
ਦੁਨੀਆਂ ਨੂੰ ਅਲਵਿਦਾ
ਬਸ ਇਹੋ ਕਹਾਂਗਾ... ਮੁਹੱਬਤ
ਵਿਚ ਅੱਜ ਸਿਰਫ਼ ਜ਼ਿਸਮ ਵੇਖਿਆ
ਜਾਂਦਾ ਹੈ,ਦਿਲ ਨੂੰ ਪਾਸੇ ਰੱਖ ਦਿੱਤਾ ਜਾਂਦਾ ਹੈ

ਇਹ ਯਾਦ ਰੱਖਣਾ
ਇਹ ਇੱਕ ਔਰਤ ਨਹੀਂ
ਇੱਕ ਆਦਮੀ ਕਹਿ ਰਿਹਾ ਹੈ।

***

## ਵਾਅਦਾ

ਅੱਜ ਉਹਦੀ ਤੇ ਮੇਰੀ
ਫ਼ੇਰ ਗੱਲ ਹੋਈ ਏ

ਗੱਲ ਕਾਹਦੀ ਹੋਈ ਕਿ
ਮਸਲੇ ਦਾ ਹੱਲ ਹੋਈ ਏ

ਉਸਨੇ ਸਭ ਗ਼ਲਤੀਆਂ ਕਬੂਲ ਲਈਆਂ
ਦੱਸੋ ਫ਼ੇਰ, ਮਾਫ਼ ਕਿਉਂ ਨਾ ਕਰਦਾ

ਉਹਨੇ ਕਿਹਾ ਮੈਂ ਅੱਜ ਵੀ ਪਿਆਰ ਕਰਦੀ ਹਾਂ
ਫ਼ੇਰ ਰੱਬ ਇਨਸਾਫ਼ ਕਿਉਂ ਨਾ ਕਰਦਾ

ਉਹਦੇ ਬੋਲ ਸੀ ਆਖ਼ਰੀ,

ਹੋ ਸਕਦਾ ਤਾਂ ਜੋੜ ਲਾ ਵੇ
ਐਦਾਂ ਨਾ ਗੱਲ ਮੁਕਾ ਝੱਲਿਆ

ਇਹ ਜਿੰਦਗੀ ਬਹੁਤੀ ਲੰਮੀ ਏ
ਇਹ ਤੂੰ ਵੀ ਜਾਣਦਾ ਏ
ਦੱਸ ਕੱਢੂ ਕਿਵੇਂ ਇੱਕਲਿਆਂ

ਮੈਂ ਕਿਹਾ ਏਥੇ ਰੋਕ ਲਾ ਕਦਮ ਤੂੰ
ਐਵੇਂ ਨਾ ਜ਼ਿਦ ਜਿਹੀ ਕਰਿਆ ਕਰ

ਆਪਣਿਆਂ ਤੋਂ ਵੱਧ ਸਾਥ ਨੇ ਦੇਂਦੀਆਂ
ਮੇਰੀ ਗੱਲ ਮੰਨ ਕਿਤਾਬਾਂ ਪੜਿਆ ਕਰ

ਉਦੋਂ ਕਹਿ ਕੇ ਸਿਰਮੱਥੇ
ਉਹਨੇ ਆਪਣਾ ਫਰਜ਼ ਨਿਭਾ ਦਿੱਤਾ

ਆਪ ਤਾਂ ਰੋਣਾ ਹੀ ਸੀ ਕਮਲੀ

ਤੇ ਮੈਨੂੰ ਵੀ ਰਵਾ ਦਿੱਤੀ

ਤੂੰ ਵੀ ਕਰ ਸ਼ੁਰੂਆਤ ਆਪਣੀ ਨਵੀਂ ਜ਼ਿੰਦਗੀ ਦੀ
ਮੈਂ ਵੀ ਗ਼ਲਤੀ ਸਮਝ ਭੁਲਾ ਦਿੱਤਾ

ਵਾਅਦਾ ਕੀਤਾ ਸੀ। ਤੇਰੇ ਬਾਰੇ ਲਿਖਾਂਗਾ ਜ਼ਰੂਰ
ਆ ਵੇਖ ਮੈਂ ਆਪਣਾ ਵਾਅਦਾ ਨਿਭਾ ਦਿੱਤਾ

***

**ਨੋਟ : ਚੱਲ ਵੇਖਦੇ ਹਾਂ**

**ਕੁਝ ਕਵਿਤਾਵਾਂ ਦੀ ਸਮੂਹ ਰਚਨਾ ਨੂੰ ਤੁਸੀਂ ਪੜਿਆ,ਇਸ ਬਾਰੇ ਆਪਣੇ ਵਿਚਾਰ ਜਰੂਰ ਸਾਂਝੇ ਕਰਨੇ ਜੀ ਅਤੇ ਇਸਦਾ ਅਗਲਾ ਭਾਗ ਅਤੇ ਇਹਨਾਂ ਲੇਖਕਾਂ ਦੁਆਰਾ ਲਿਖੀਆਂ ਹੋਰ ਰਚਨਾਵਾਂ ਨੂੰ ਪੜਨ ਲਈ ਤੁਸੀਂ ਹੇਠ ਲਿਖੇ ਨੰਬਰਾਂ ਉੱਪਰ ਮੈਸਜ਼ ਜਾਂ ਸੰਪਰਕ ਕਰ ਸਕਦੇ ਹੋ**

**ਵੀਰਪਾਲ ਸਿੱਧੂ ਮੌੜ { 6283154525 }**
**ਈ-ਮੇਲ : veerpalsiddhu520@gmail.com**
**ਸੁਖਦੀਪ ਸਿੰਘ ਰਾਏਪੁਰ { 8699633924 }**
**ਈ-ਮੇਲ : writersukhdeep@gmail.com**

②

**ਇੰਸਟਾਗ੍ਰਾਮ :im_sukhdep**

***


**To read more books like this visit www.PunjabiLibrary.com**

